# ਪੰਜਾਬ ਸਰਕਾਰ
## ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ
### (ਸਿਹਤ-3-ਸਾਖਾ)

**<u>ਅਧਿਸੂਚਨਾ</u>**

ਨੰ: 1/8/2012-2ਸਸ3/ ਮਿਤੀ ਚੰਡੀਗੜ੍ਹ

ਡਾਕਟਰ ਮੁਖਤਿਆਰ ਸਿੰਘ , ਟਿਊਟਰ/ਲੈਕਚਰਾਰ-ਕਮ-ਮੈਡੀਕਲ ਅਫਸਰ ਫਾਰਮਾਕੋਲੋਜੀ ਸਰਕਾਰੀ ਮੈਡੀਕਲ ਕਾਲਜ ਪਟਿਆਲ ਵਿਰੁਧ ਸਜਾ ਅਤੇ ਅਪੀਲ ਨਿਯਮ 1970 ਦੇ ਨਿਯਮ 8 ਅਧੀਨ ਹੇਠ ਲਿਖੇ ਦੋਸਾ ਕਰਕੇ ਦੋਸ ਸੂਚੀ ਪੱਤਰ ਨੰ: 1/8/2012-2ਸਸ3/1644 ਮਿਤੀ 10-4-2012 ਅਨੁਸਾਰ ਜਾਰੀ ਕੀਤੀ ਗਈ ਸੀ:-

1) ਸੇਵਾ ਪੱਤਰੀ ਦੇ ਪੰਨਾ ਨੰ: 1 ਵਿਚ ਜਨਮ ਮਿਤੀ ਟੈਪਰਿੰਗ ਕਰਨਾ
2) ਜਨਮ ਮਿਤੀ ਦੇ ਸਬੂਤ ਵਿਚ ਦਸਵੀ ਪ੍ਰਖਿਆ ਸਰਟੀਫਿਕੇਟ ਵਿਚ ਜਨਮ ਮਿਤੀ 12-3-1952 ਦੀ ਬਜਾਏ 12-3-1955 ਦਰਸਾਉਣਾ।
3) ਪੀ.ਜੀ. ਐਪਲੀਕੇਸਨ ਫਾਰਮ ਵਿਚ ਜਨਮ ਮਿਤੀ 12-3-1957 ਅੰਕਿਤ ਕਰਨਾ।
4) ਸਮਾਰਟ ਆਈ.ਡੀ. ਕਾਰਡ ਐਪਲੀਕੇਸਨ ਫਾਰਮ ਅਤੇ ਪੈਨ ਕਾਰਡ ਵਿਚ ਜਨਮ 12-3-1957 ਅੰਕਿਤ ਕਰਨਾ।
5) ਸਲਾਨਾ ਗੁਪਤ ਰਿਪੋਰਟਾ ਵਿਚ ਜਨਮ ਮਿਤੀ ਗਲਤ ਦਰਸਾਉਣੀ।
6) ਕੰਟਰੋਲਿੰਗ ਅਥਾਰਟੀ ਡੀ.ਆਰ.ਐਮ.ਈ ਵੱਲੋ ਜਨਮ ਮਿਤੀ ਬਾਰੇ ਅਸਲ ਸਬੂਤ ਦੀ ਮੰਗ ਕਰਨ ਤੇ ਪੇਸ ਨਾ ਕਰਨਾ।
7) ਜਨਮ ਮਿਤੀ ਗਲਤ ਦਰਸਾਕੇ ਸੇਵਾ ਨਵਿਰਤੀ ਤੋ ਵੱਧ ਸਰਕਾਰੀ ਸੇਵਾ ਕਰਨੀ।
8) ਸੰਯੁਕਤ ਡਾਇਰੈਕਟਰ , ਖੋਜ ਅਤੇ ਮੈਡੀਕਲ ਸਿਖਿਆ, ਪੰਜਾਬ ਨੂੰ ਰਿਸਵਤ ਦੇਣ ਦੀ ਕੋਸਿਸ ਕਰਨਾ।
9) ਪੁਲਿਸ ਕਾਰਵਾਈ ਲਈ ਦੋਸੀ ਬਣਾਉਣਾ।

ਉਪਰੋਕਤ ਅਨੁਸਾਰ ਡਾਕਟਰ ਮੁਖਤਿਆਰ ਸਿੰਘ ਟਿਊਟਰ/ਲੈਕਚਰਾਰ-ਕਮ-ਮੈਡੀਕਲ ਅਫਸਰ ਫਾਰਮਾਕੋਲੋਜੀ ਵਿਭਾਗ ਸਰਕਾਰੀ ਮੈਡੀਕਲ ਕਾਲਜ ਨੂੰ ਆਪਣਾ ਪੱਖ ਪੇਸ ਕਰਨ ਲਈ 2 ਨਿੱਜੀ ਸੁਣਵਾਈਆਂ ਦਾ ਮੌਕਾ ਦਿੱਤਾ ਗਿਆ ਨਿੱਜੀ ਸੁਣਵਾਈ ਦੋਰਾਨ ਡਾਕਟਰ ਵੱਲੋਂ ਆਪ ਮੰਨਿਆ ਗਿਆ ਹੈ ਕਿ ਜਨਮ ਮਿਤੀ ਵਿੱਚ ਛੇੜ ਛਾੜ ਸਬੰਧੀ ਉਸ ਤੋ ਇਹ ਭੁੱਲ ਹੋਈ ਹੈ।

2. ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਪੰਜਾਬ ਵੱਲੋ ਆਪਣੇ ਪੱਤਰ ਨੰ 3 ਐਮ.ਈ1-ਪੰ-2012/3065 ਮਿਤੀ 22-2-2012 ਆਪਣੀ ਜਾਂਚ ਰਿਪੋਰਟ ਵਿੱਚ ਵੀ ਇਸ ਡਾਕਟਰ ਨੇ ਜਾਣ ਬੁੱਝ ਕੇ ਆਪਦੀ ਜਨਮ ਮਿਤੀ ਨਾਲ ਛੇੜ ਛਾੜ (ਟੈਪਰਿੰਗ ਕਰਕੇ) ਸਰਕਾਰ ਨਾਲ ਹੇਰਾਫੇਰੀ ਕੀਤੀ ਹੈ। ਇਸ ਡਾਕਟਰ ਦੀ ਰਿਕਾਰਡ ਮੁਤਾਬਕ ਸਰਕਾਰੀ ਸੇਵਾਵਾਂ ਲੈਣ ਲਈ ਪੇਸ ਕੀਤੇ ਦਸਤਾਵੇਜਾਂ ਵਿੱਚ ਜਨਮ ਮਿਤੀ 12-3-1952 ਹੈ।

3. ਡਾਕਟਰ ਮੁਖਤਿਆਰ ਸਿੰਘ ਟਿਊਟਰ/ਲੈਕਚਰਾਰ-ਕਮ-ਮੈਡੀਕਲ ਅਫਸਰ ਫਾਰਮਾਕੋਲੋਜੀ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵੱਲੋ ਹੇਰਾ ਫੇਰੀ ਨਾਲ ਸਰਕਾਰੀ ਰਿਕਾਰਡ ਅਤੇ ਜਨਮ ਮਿਤੀ ਸਰਟੀਫਿਕੇਟਾਂ ਵਿੱਚ ਕੀਤੀ ਗਈ ਛੇੜ ਛਾੜ(ਟੈਪਰਿੰਗ) ਕਾਰਨ ਅਤੇ ਧੋਖੇ ਨਾਲ ਵੱਧ ਸਰਕਾਰੀ ਸੇਵਾ ਕਰਨ ਕਰਕੇ ਪੰਜਾਬ ਲੋਕ ਸੇਵਾ ਕਮਿਸਨ ਪਟਿਆਲਾ ਵੱਲੋ ਆਪਣੇ ਪੱਤਰ ਨੰ: 329/2012/ਅ-7/ 7499 ਮਿਤੀ 25-3-2014 ਰਾਹੀ ਲਏ ਗਏ ਫੈਸਲੇ ਅਨੁਸਾਰ ਡਾਕਟਰ

ਮੁਖਤਿਆਰ ਸਿੰਘ ਟਿਊਟਰ/ਲੈਕਚਰਾਰ-ਕਮ-ਮੈਡੀਕਲ ਅਫਸਰ ਫਾਰਮਾਕੋਲੋਜੀ ਨੂੰ ਪੰਜਾਬ ਸਿਵਲ ਸਵਾਵਾਂ(ਸਜਾਂ ਤੇ ਅਪੀਲ)ਨਿਯਮ 5(ix) ਵਿੱਚ ਦਰਸਾਈ ਵੱਡੀ ਸਜਾ, ਸਰਕਾਰੀ ਨੌਕਰੀ ਤੋ ਡਿਸਮਿਸ ਕੀਤਾ ਜਾਂਦਾ ਹੈ, ਜਿਸ ਦੇ ਫਲਸਰੂਪ ਇਸ ਡਾਕਟਰ ਨੂੰ ਵਾਪਸ ਸਰਕਾਰੀ ਸੇਵਾ ਵਿਚ ਆਉਣ ਦਾ ਹੱਕ ਨਹੀ ਹੋਵੇਗਾ ਅਤੇ ਇਹ ਵੀ ਆਦੇਸ ਕਰਦੇ ਹਨ ਕਿ ਡਾਕਟਰ ਤੋ ਬਾਂਡ ਦੀ ਰਕਮ ਜਾਂ ਹੋਰ ਬਕਾਇਆ ਰਕਮ , ਜੇਕਰ ਕੋਈ ਹੋਵੇ, ਵਸੂਲ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਰਹੇਗਾ।

ਵਿਨੀ ਮਹਾਜਨ, ਆਈ.ਏ.ਐਸ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ

ਮਿਤੀ , ਚੰਡੀਗੜ੍ਹ
27-03-2014

ਪਿੱਠ ਅੰਕਣ ਨੰ: 1/8/2012-2ਸਸ3/1864-70 ਮਿਤੀ ਚੰਡੀਗੜ੍ਹ 27/3/14.

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਨੂੰ ਉਨਾ ਦੇ ਪੱਤਰ ਨੰ: 3 ਐਮ.ਈ1-ਪੰ-2012/3065 ਮਿਤੀ 22-2-2012 ਦੇ ਹਵਾਲੇ ਵਿਚ
2) ਸਕੱਤਰ , ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਉਨਾ ਦੇ ਪੱਤਰ ਨੰ: ਸ਼ਿਸ 329/2012/ਅ-7/7499 ਮਿਤੀ 25-3-14 ਦੇ ਹਵਾਲੇ ਵਿੱਚ।
3) ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ ਪੰਜਾਬ/ ਚੰਡੀਗੜ੍ਹ ਨੂੰ ਇੱਕ ਵਾਧੂ ਤਸਦੀਕਸੁਦਾ ਕਾਪੀ ਸਮੇਤ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਗਜਟ ਵਿੱਚ ਛਪਵਾਇਆ ਜਾਵੇ ਅਤੇ ਇਸ ਦੀਆਂ 20 ਫਾਲਤੂ ਕਾਪੀਆਂ ਇਸ ਵਿਭਾਗ ਨੂੰ ਰਿਕਾਰਡ ਹਿੱਤ ਭੇਜੀਆਂ ਜਾਣ।
4) ਮਹਾਂ ਲੇਖਾਕਾਰ , ਪੰਜਾਬ ਚੰਡੀਗੜ੍ਹ
5) ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਪਟਿਆਲਾ/ਅੰਮ੍ਰਿਤਸਰ
6) ਰਜਿਸਟਰਾਰ ਬਾਬਾ ਫਰੀਦਯੂਨਿਵਰਸਿਟੀ ਆਫ ਹੈਲਥ ਸਾਇੰਸਜ ਫਰੀਦਕੋਟ
7) ਡਾਕਟਰ ਮੁਖਤਿਆਰ ਸਿੰਘ, ਟਿਊਟਰ/ਲੈਕਚਰਾਰ-ਕਮ-ਮੈਡੀਕਲ ਅਫਸਰ, ਫਾਰਮਾਕੋਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ ਪਟਿਆਲਾ

ਅਧੀਨ ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ

ਅੰਦਰੂਨੀ ਵੰਡ

1) ਨਿੱਜੀ ਸਕੱਤਰ/ਐਮ.ਈ.ਆਰ.ਐਮ
2) ਨਿੱਜੀ ਸਕੱਤਰ/ ਪੀ.ਐਸ.ਐਮ.ਈ.ਆਰ
3) ਪੀ.ਏ/ ਏ.ਐਸ.ਐਮ.ਈ.ਆਰ
4) ਪੀ.ਏ/ਯੂ.ਐਸ.ਐਮ.ਈ.ਆਰ